# 12

# ਸੱਤ ਗੁਣੀ ਏਕਤਾ ਹੋਣਾ

## (4:4-6)

ਕਲੀਸੀਆ ਦੀ ਏਕਤਾ ਦੀ ਗੱਲ ਕਰਦਿਆਂ ਪੌਲੁਸ ਨੇ ਸੱਤ ਇਲਾਹੀ ''ਏਕਿਆਂ'' ਦੀ ਫ਼ਹਰਿਸਤ ਦਿੱਤੀ ਜਿਨ੍ਹਾਂ ਉੱਤੇ ਮੈਂਬਰਾਂ ਨੂੰ ਇਕ ਹੋਣਾ ਜ਼ਰੂਰੀ ਹੈ। ਏਕਤਾ ਲਈ ਜ਼ਰੂਰੀ ਹੈ ਕਿ ਮਸੀਹੀ ਲੋਕ ਖ਼ੁਦਾ ਦੇ ਵਚਨ ਵਿਚ ਦੱਸੇ ਉਸ ਦੇ ਇਨ੍ਹਾਂ ਨਿਯਮਾਂ ਦਾ ਸਨਮਾਨ ਕਰਦੇ ਹੋਏ ਸਹਿਮਤ ਹੋਣ।

### ਇੱਕੋ ਦੇਹੀ (4:4)

**[4]ਇੱਕੋ ਦੇਹੀ।**

**ਆਇਤ 4. ਇੱਕੋ ਦੇਹੀ** ਮਸੀਹ ਦੀ ਦੇਹ ਅਰਥਾਤ ਕਲੀਸੀਆ ਨੂੰ ਕਿਹਾ ਗਿਆ ਹੈ। ਖ਼ੁਦਾ ਨੇ ਮਸੀਹ ਨੂੰ ਕਲੀਸੀਆ ਦਾ ਸਿਰ ਬਣਾਇਆ, ''ਇਹ ਉਸ ਦੀ ਦੇਹ ਹੈ'' (1:22, 23)। ਉਸ ਨੇ ਯਹੂਦੀਆਂ ਅਤੇ ਗੈਰ ਕੌਮਾਂ ਨੂੰ ''ਇਕ ਨਵਾਂ ਇਨਸਾਨ'' ਬਣਾਇਆ ਅਤੇ ਦੋਹਾਂ ਨੂੰ ਸਲੀਬ ਦੇ ਰਾਹੀਂ ਖ਼ੁਦਾ ਲਈ ''ਇਕ ਸਰੀਰ'' ਵਿਚ ਮਿਲਾਇਆ (2:15, 16)। ਗੈਰ ਕੌਮ ਲੋਕ ''ਇੱਕੋ ਦੇਹੀ ਦੇ ਅਤੇ ਵਾਅਦੇ ਦੇ ਸਾਂਝੀ'' ਸਨ (3:6), ਅਤੇ ਪੌਲੁਸ ਨੇ ਸਮਝਾਇਆ ਕਿ ਮਸੀਹ ਦੀ ਦੇਹ ਹਰ ਅੰਗ ਦੇ ਆਪਣਾ ਯੋਗਦਾਨ ਦੇਣ ਨਾਲ ਬਣਦੀ ਹੈ (4:12, 16)। ਅਸੀਂ ਇਹ ਵੀ ਪੜ੍ਹਦੇ ਹਾਂ ਕਿ ਮਸੀਹ ''ਦੇਹੀ ਦਾ ਬਚਾਉਣ ਵਾਲਾ ਹੈ'' (5:23)। ਇਨ੍ਹਾਂ ਗੱਲਾਂ ਤੋਂ ਇਹ ਨਿਚੋੜ ਕੱਢਿਆ ਜਾ ਸਕਦਾ ਹੈ ਕਿ ਮਸੀਹ ਦੀ ਇੱਕੋ ਹੀ ਦੇਹ ਹੈ; ਉਹ ਇਕ ਦੇਹ ਯਹੂਦੀਆਂ ਅਤੇ ਗੈਰ ਕੌਮਾਂ ਭਾਵ ਉਨ੍ਹਾਂ ਲੋਕਾਂ ਨਾਲ ਮਿਲ ਕੇ ਬਣੀ ਹੈ ਜਿਨ੍ਹਾਂ ਨੂੰ ਖ਼ੁਦਾ ਦੇ ਨਾਲ ਮਿਲਾਇਆ ਗਿਆ ਹੈ; ਉਹ ਦੇਹ ਹਰ ਮੈਂਬਰ ਦੇ ਯੋਗਦਾਨ ਨਾਲ ਬਣਦੀ ਹੈ; ਅਤੇ ਉਹ ਦੇਹ ਬਚਾਏ ਹੋਇਆਂ ਨਾਲ ਬਣਦੀ ਹੈ। ਜੇ ਕੋਈ ਖ਼ੁਦਾ ਨਾਲ ਮਿਲਾਇਆ ਗਿਆ ਹੈ ਅਤੇ ਉਸ ਨੂੰ ਪਾਪ ਤੋਂ ਬਚਾਇਆ ਗਿਆ ਹੈ ਤਾਂ ਉਹ ਕਲੀਸੀਆ ਦਾ ਭਾਗ ਹੈ।

ਇਹ ਵਿਚਾਰ ਕਿ ਆਦਮੀ ਪਾਪ ਤੋਂ ਬਚਾਏ ਜਾ ਕੇ ਕਲੀਸੀਆ ਦਾ ਭਾਗ ਨਹੀਂ ਬਣਦਾ ਜਾਂ ਬਚਾਏ ਜਾਣ ਲਈ ਉਸ ਨੂੰ ਅਲਹਿਦਾ ਕੁਝ ਹੋਰ ਕਰਨਾ ਪੈਂਦਾ ਹੈ ਅਤੇ ਨਵੇਂ ਕਲੀਸੀਆ ਦਾ ਮੈਂਬਰ ਬਣਨ ਲਈ ਕੁਝ ਹੋਰ। ਇਸ ਤੋਂ ਇਲਾਵਾ ਇਹ ਧਾਰਣਾ ਕਿ ਵੱਖੋ ਵੱਖ ਸਿੱਖਿਆਵਾਂ ਅਤੇ ਇਕ ਦੂਜੇ ਦੇ ਉਲਟ ਦੱਸਣ ਵਾਲੀਆਂ ਡਾਕਟ੍ਰਿਨਾਂ ਮਿਲ ਕੇ ਮਸੀਹ ਦੀ ਦੇਹ ਬਣਦੇ ਹਨ, ਨਵੇਂ ਨੇਮ ਦੀ ਸਿੱਖਿਆ ਤੋਂ ਬਾਹਰੀ ਹਨ। ਇਹ ਇਸ ਤੱਥ ਦੇ ਬਿਲਕੁਲ ਉਲਟ ਹੈ ਕਿ ਕਲੀਸੀਆ ਵਿਚ ਕੋਈ ਫੁਟ ਨਾ ਹੋਵੇ (ਵੇਖੋ 1 ਕੁਰਿੰਥੀਆਂ 1:10)।

ਮਸੀਹ ਦੀ ''ਦੇਹ'' ਦੇ ਰੂਪ ਵਿਚ ਕਲੀਸੀਆ ਦੇ ਕਈ ਅਰਥ ਹਨ ਜੋ ਕਿ ਪਵਿੱਤਰ ਲਿਖਤ ਵਿਚ ਹੋਰ ਥਾਂਵਾਂ ਤੇ ਮਿਲਦੇ ਹਨ। ਮਸੀਹ ਦੇ ਕਲੀਸੀਆ ਦਾ ਸਿਰ ਹੋਣ ਦੀ ਗੱਲ ਇਹ ਜ਼ੋਰ ਦਿੰਦੀ ਹੈ ਕਿ ਉਸ ਨੂੰ ਕਲੀਸੀਆ ਉੱਤੇ ਸਾਰਾ ਇਖ਼ਤਿਆਰ ਦਿੱਤਾ ਗਿਆ ਹੈ ਅਤੇ ਉਹ ਆਪਣੀ ਇੱਛਾ ਨਾਲ ਦੇਹ ਦੀਆਂ ਗਤੀਵਿਧੀਆਂ ਨੂੰ ਚਲਾਉਂਦਾ ਹੈ ਜਿਹੜੀ ਨਵੇਂ ਨੇਮ ਰਾਹੀਂ ਜ਼ਾਹਿਰ ਕੀਤੀ ਗਈ ਹੈ (ਵੇਖੋ ਮੱਤੀ 28:18; ਕੁਲੁੱਸੀਆਂ 1:18; 1 ਪਤਰਸ 4:11)। ਦੇਹ ਦੇ ਰੂਪ ਵਿਚ ਕਲੀਸੀਆ ਦਾ

ਵੇਰਵਾ ਇਹ ਸੰਕੇਤ ਦਿੰਦਾ ਹੈ ਕਿ ''ਅੰਗ ਬਹੁਤ ਸਾਰੇ'' ਹਨ ਪਰ ''ਦੇਹ ਇੱਕੋ'' ਹੈ (1 ਕੁਰਿੰਥੀਆਂ 12:12)। ਮਸੀਹੀ ਲੋਕਾਂ ਨੂੰ ''ਇਕ ਦੇਹ ਬਣਨ ਲਈ ਇੱਕੋ ਆਤਮਾ ਨਾਲ ਬਪਤਿਸਮਾ ਦਿੱਤਾ ਗਿਆ'' (1 ਕੁਰਿੰਥੀਆਂ 12:13)। ਇਸ ਦਾ ਮਤਲਬ ਇਹ ਹੋ ਸਕਦਾ ਹੈ ਕਿ ਬਪਤਿਸਮਾ ਲੈਣ ਵੇਲੇ ਜਾਂ ਤਾਂ ਸਾਨੂੰ ਆਤਮਾ ਦੀ **ਹਦਾਇਤ** ਨਾਲ ਬਪਤਿਸਮਾ ਦਿੱਤਾ ਜਾਂਦਾ ਹੈ ਜਾਂ ਆਤਮਾ ਸਾਨੂੰ ਉਸ ਇੱਕੋ ਦੇਹ ਵਿਚ *ਰੱਖਦਾ* ਹੈ। ਇਸ ਦਾ ਮਤਲਬ ਇਹ ਨਹੀਂ ਹੈ ਕਿ ਹਰ ਮਸੀਹੀ ਨੂੰ ਪਵਿੱਤਰ ਆਤਮਾ ਦਾ ਬਪਤਿਸਮਾ ਮਿਲਿਆ ਹੈ। ਪਵਿੱਤਰ ਲਿਖਤ ਵਿਚ ਪਵਿੱਤਰ ਆਤਮਾ ਦੇ ਬਪਤਿਸਮੇ ਦੀ ਪਛਾਣ ਕਰਾਉਂਦੀਆਂ ਸਿਰਫ਼ ਦੋ ਘਟਨਾਵਾਂ ਹਨ: ਰਸੂਲਾਂ ਦੇ ਕੰਮ 1:5; 2:4 ਵਿਚ ਰਸੂਲਾਂ ਨੂੰ ਅਤੇ 2:4 ਅਤੇ ਰਸੂਲਾਂ ਦੇ ਕੰਮ 10:44–47; 11:15–17 ਵਿਚ ਕੁਰਨੇਲਿਉਸ ਅਤੇ ਉਸ ਦੇ ਘਰ ਦੇ ਲੋਕ। 1 ਕੁਰਿੰਥੀਆਂ 12:13 ਵਿਚ ਪੌਲੁਸ ਨੇ ਕਿਹਾ, ''ਅਸਾਂ ਸਭਨਾਂ ਨੂੰ ਇਕ ਸਰੀਰ ਬਣਨ ਲਈ ਬਪਤਿਸਮਾ ਦਿੱਤਾ ਗਿਆ।'' ਇਸ ਬਪਤਿਸਮੇ ਵਿਚ ਜੋ ਕਿ ''ਸਭਨਾਂ'' ਲਈ ਸੀ (ਵੇਖੋ ਮੱਤੀ 28:19, 20; ਮਰਕੁਸ 16:15, 16; ਰਸੂਲਾਂ ਦੇ ਕੰਮ 2:38, 39), ਪਾਣੀ ਜ਼ਰੂਰੀ ਸੀ (ਰਸੂਲਾਂ ਦੇ ਕੰਮ 8:36–39)। ਅਫ਼ਸੀਆਂ 4:5 ਕਹਿੰਦਾ ਹੈ ਕਿ ਅੱਜ ਸਾਡੇ ਲਈ ''ਇੱਕੋ ਬਪਤਿਸਮਾ'' ਹੈ ਜਿਹੜਾ ਸਾਨੂੰ ''ਇੱਕੋ ਦੇਹੀ'' ਵਿਚ ਰੱਖਦਾ ਹੈ।

ਪੌਲੁਸ ਨੇ ਅੱਗੇ ਵਿਖਾਇਆ ਕਿ ਦੇਹ ਦੇ ਹਰ ਅੰਗ ਦਾ ਆਪੋ ਆਪਣਾ ਕੰਮ ਹੈ (1 ਕੁਰਿੰਥੀਆਂ 12:14–20)। ਜਿਵੇਂ ਖ਼ੁਦਾ ਨੇ ਮਨੁੱਖੀ ਦੇਹ ਦੇ ਹਰ ਅੰਗ ਨੂੰ ਜਿਸ ਖ਼ੁਦਾ ਵੱਲੋਂ ਸਰੀਰਕ ਦੇਹ ਦੇ ਹਰ ਅੰਗ ਨੂੰ ਬਣਾਇਆ ਗਿਆ ਹੈ ਦੇਹ ਉਸੇ ਦੇ ਅਨੁਸਾਰ ਕੰਮ ਕਰਨ ਤੇ ਸਹੀ ਢੰਗ ਨਾਲ ਕੰਮ ਕਰਦੀ ਹੈ, ਉਵੇਂ ਹੀ ਕਲੀਸੀਆ ਦੇ ਹਰ ਮੈਂਬਰ ਨੂੰ ਪੂਰੀ ਦੇਹ ਦੀ ਭਲਿਆਈ ਵਿਚ ਯੋਗਦਾਨ ਦੇਣ ਲਈ ਦਾਨ ਜਾਂ ਤੋੜਾ ਜਾਂ ਯੋਗਤਾ ਦਿੱਤੀ ਗਈ ਹੈ। ਪੌਲੁਸ ਨੇ ਧਿਆਨ ਦੁਆਇਆ ਕਿ ਦੇਹ ਦਾ ਹਰ ਅੰਗ ਅਹਿਮ ਹੈ (1 ਕੁਰਿੰਥੀਆਂ 12:21–24)। ਉਦਾਹਰਣ ਲਈ ਸਰੀਰਕ ਦੇਹ ਵਿਚ ਵੇਖਣ ਲਈ ਅੱਖ ਚੰਗੀ ਹੈ। ਪਰ ਇਸ ਦਾ ਕੰਮ ਸੁਣਨਾ ਨਹੀਂ ਹੈ। ਸਰੀਰਕ ਦੇਹ ਤਦੇ ਕੰਮ ਕਰਦੀ ਹੈ ਜਦ ਹਰ ਅੰਗ ਆਪੋ ਆਪਣਾ ਕੰਮ ਕਰੇ। ਇਸੇ ਤਰ੍ਹਾਂ ਨਾਲ ਮਸੀਹ ਦੀ ਦੇਹ ਭਾਵ ਕਲੀਸੀਆ ਦਾ ਹਰ ਅੰਗ ਜਦੋਂ ਉਹ ਕੰਮ ਕਰਦਾ ਹੈ ਜਿਸ ਨੂੰ ਉਹ ਕਰ ਸਕਦਾ ਹੈ ਤਾਂ ਪੂਰੀ ਦੇਹ ਨੂੰ ਉਹ ਮਿਲਦਾ ਹੈ ਜੋ ਖ਼ੁਦਾ ਚਾਹੁੰਦਾ ਹੈ ਕਿ ਉਹ ਕਰੇ।

ਦੇਹ ਲਈ ਇਕ ਹੋਣਾ ਜ਼ਰੂਰੀ ਹੈ। ਫੁੱਟ ਪਈ ਕਲੀਸੀਆ ਉਵੇਂ ਹੀ ਆਪਣਾ ਕੰਮ ਸਹੀ ਤਰੀਕੇ ਨਾਲ ਨਹੀਂ ਕਰ ਸਕੇਗੀ ਜਿਵੇਂ ਟੁੱਟੀ ਫੁੱਟੀ ਸਰੀਰਕ ਦੇਹ ਸਹੀ ਢੰਗ ਨਾਲ ਕੰਮ ਨਹੀਂ ਕਰ ਸਕਦੀ ਹੈ। ਮਸੀਹ ਦੀ ਦੇਹ ਜੋ ਕਿ ਉਨ੍ਹਾਂ ਲੋਕਾਂ ਨਾਲ ਬਣਦੀ ਹੈ ਜਿਹੜੇ ਇਕ ਦੂਜੇ ਨਾਲ ਪ੍ਰੇਮ ਕਰਦੇ ਅਤੇ ''ਇਕ ਦੂਜੇ ਲਈ ਉਵੇਂ ਹੀ ਚਿੰਤਾ ਕਰਦੇ ਹਨ'' ਤਾਂ ਜੋ ''ਜੇ ਇਕ ਅੰਗ ਨੂੰ ਦੁੱਖ ਲੱਗੇ ਤਾਂ ਸਾਰੇ ਅੰਗ ਉਸ ਦੇ ਨਾਲ ਦੁੱਖੀ ਹੁੰਦੇ ਹਨ'' (1 ਕੁਰਿੰਥੀਆਂ 12:25, 26)। ਸਰੀਰਕ ਦੇਹ ਦੇ ਇਕ ਅੰਗ ਨੂੰ ਜੇ ਸੱਟ ਲਗਦੀ ਹੈ ਤਾਂ ਪੂਰੀ ਦੇਹ ਨੂੰ ਦਰਦ ਹੁੰਦਾ ਹੈ। ਉਸੇ ਤਰ੍ਹਾਂ ਨਾਲ ਜੇ ਕਲੀਸੀਆ ਦਾ ਇਕ ਮੈਂਬਰ ਦੁਖੀ ਹੋਵੇ ਤਾਂ ਸਾਰੇ ਮੈਂਬਰ ਦੁਖੀ ਹੁੰਦੇ ਹਨ; ਜੇ ਇਕ ਮੈਂਬਰ ਕੋਈ ਪ੍ਰਾਪਤੀ ਕਰਦਾ ਹੈ ਤਾਂ ਸਾਰੇ ਕਰਦੇ ਹਨ।

ਲਿਖਤ ਲਈ ਬਣਦਾ ਸਨਮਾਨ ਰੱਖ ਕੇ ਏਕਤਾ ਲਈ ਬਾਈਬਲ ਦਾ ਅਧਾਰ ਤੈਅ ਕਰਦਿਆਂ ਪੌਲੁਸ ਨੇ ਕਿਹਾ, ''ਇੱਕੋ ਦੇਹੀ'' ਹੈ। ਮਸੀਹ ਦੀ ਸਿਰਫ਼ ਇੱਕੋ ਕਲੀਸੀਆ ਹੈ ਬੇਸ਼ੱਕ ਸਾਡੀ ਅਨੇਕਵਾਦੀ ਸੱਭਿਅਤਾ ਇਸ ਦੇ ਉਲਟ ਸੋਚਦੀ ਹੋਵੇ।

## **ਇੱਕੋ ਆਤਮਾ** (4:4)

**[4]ਅਤੇ ਇੱਕੋ ਆਤਮਾ**

**ਆਇਤ 4. ਇੱਕੋ ਆਤਮਾ** ਹੈ ਪਵਿੱਤਰ ਆਤਮਾ ਨੂੰ ਕਿਹਾ ਗਿਆ ਹੈ ਜਿਸ ਨੇ ਮੁਕਾਸ਼ਫ਼ੇ ਦੇ ਰਾਹੀਂ ਖ਼ੁਦਾ ਦੀ ਸਦੀਪਕ ਮੰਸ਼ਾ ਪਰਗਟ ਕੀਤੀ (ਵੇਖੋ 1 ਕੁਰਿੰਥੀਆਂ 2:13; ਅਫ਼ਸੀਆਂ 3:1–10)। ਉਹ ਦੇਹ ਨੂੰ ਜ਼ਿੰਦਗੀ ਦਿੰਦਾ ਹੈ (2 ਕੁਰਿੰਥੀਆਂ 3:6), ਕਲੀਸੀਆ ਵਿਚ ਵਾਸ ਕਰਦਾ ਹੈ (1 ਕੁਰਿੰਥੀਆਂ 3:16), ਅਤੇ ਮਸੀਹੀ ਆਦਮੀ ਵਿਚ ਰਹਿੰਦਾ ਹੈ (1 ਕੁਰਿੰਥੀਆਂ 6:19)। ਉਹ ਮਸੀਹੀ ਆਦਮੀ ਨੂੰ ਸਮਰੱਥਾ ਵੀ ਦਿੰਦਾ ਹੈ (ਅਫ਼ਸੀਆਂ 3:16) ਅਤੇ ਉਸ ਨੇ ਉਸ ਉੱਤੇ ਪ੍ਰਭੂ ਦੇ ਆਉਣ ਤੇ ਆਪਣੀ ਪੂਰੀ ਮੀਰਾਸ ਦੀ ਸਾਈ ਦੇ ਤੌਰ ਤੇ ਮੋਹਰ ਵੀ ਕੀਤੀ ਹੈ (ਵੇਖੋ 1:13, 14)। ਇਹ ਇੱਕੋ ਆਤਮਾ ਦੇਹ ਦੇ ਲੋਕਾਂ ਦੀ ਖ਼ੁਦਾ ਤਕ ਪਹੁੰਚ ਕਰਵਾਉਂਦਾ ਹੈ (2:18) ਅਤੇ ਦੇਹ ਦੇ ਅੰਦਰ ਏਕਤਾ ਕਰਵਾਉਂਦਾ ਹੈ। ਇਸ ਕਰਕੇ ਇਸ ਏਕਤਾ ਨੂੰ ''ਆਤਮਾ ਦੀ ਏਕਤਾ'' ਕਿਹਾ ਗਿਆ ਹੈ (4:3)।

## **ਇੱਕੋ ਆਸ** (4:4)

**[4]ਜਿਵੇਂ ਤੁਸੀਂ ਵੀ ਆਪਣੇ ਸੱਦੇ ਦੀ ਇੱਕੋ ਆਸ ਵਿਚ ਸੱਦੇ ਗਏ।**

**ਆਇਤ 4. ਸੱਦੇ ਗਏ** ਅਤੇ **ਸੱਦੇ** ਦੀਆਂ ਧਾਰਣਾਵਾਂ ਇਸ ਪੱਤਰ ਵਿਚ ਪਹਿਲਾਂ ਦਿੱਤੀਆਂ ਗਈਆਂ ਸਨ। 1:18 ਵਿਚ ਪੌਲੁਸ ਨੇ ਮਸੀਹੀ ਲੋਕਾਂ ਲਈ ਉਨ੍ਹਾਂ ਦੇ ਮਨ ਰੌਸ਼ਨ ਹੋਣ ਲਈ ਦੁਆ ਕੀਤੀ ਤਾਂ ਜੋ ਉਹ ''ਜਾਣ'' ਲੈਣ ''ਭਈ ਉਹਦੇ ਸੱਦੇ ਤੋਂ ਕੀ ਆਸ ਹੁੰਦੀ ਹੈ।'' 4:1 ਵਿਚ ਉਸ ਨੇ ''ਜਿਸ ਸੱਦੇ ਨਾਲ ਸੱਦੇ ਗਏ ਹੋ ਉਹਦੇ ਜੋਗ ਜਾਲ ਚੱਲਣ ਲਈ ਆਖਿਆ ਸੀ।'' ਪਹਿਲੇ ਭਾਗ ਵਿਚ ਜ਼ੋਰ ਸੱਦਣ ਵਾਲੇ ਵਿਚ ਸੀ, ਜਦ ਕਿ ਦੂਜੇ ਹਵਾਲੇ ਵਿਚ ਜ਼ੋਰ ਸੱਦੇ ਜਾਣ ਵਿਚ ਸੀ। ਆਇਤ 4 ਉਨ੍ਹਾਂ ਲੋਕਾਂ ਦੀ ਗੱਲ ਕਰਦੀ ਹੈ ਜਿਨ੍ਹਾਂ ਨੂੰ ਸੱਦਿਆ ਗਿਆ ਹੈ। ਏਕਤਾ ਦਾ ਸੱਦੇ ਜਾਣ ਅਤੇ ਆਸ ਨਾਲ ਕੀ ਸਬੰਧ ਕਿਵੇਂ ਹੈ? ਪੌਲੁਸ ਨੇ ਕਿਹਾ ਕਿ ਕਲੀਸੀਆ ਵਿਚ ਗੈਰ ਕੌਮ ਲੋਕ ਕਿਸੇ ਵਕਤ ਮਸੀਹ ਤੋਂ ਅੱਡ ਅਤੇ ਆਸ ਦੇ ਬਗੈਰ ਸਨ, ਪਰ ਮਸੀਹੀ ਬਣ ਜਾਣ ਤੇ ਉਨ੍ਹਾਂ ਨੂੰ ਮਸੀਹ ਵਿਚ ਆਸ ਮਿਲੀ ਸੀ (1:12; 2:12)। ਅਫ਼ਸੀਆਂ ਨੂੰ ਇਹ ਆਸ ਖ਼ੁਦਾ ਨੇ ਉਨ੍ਹਾਂ ਨੂੰ ਆਪਣੀ ਬੁਲਾਹਟ ਦੀ ਪਹਿਲ ਕਰਕੇ ਦਿੱਤੀ ਗਈ ਸੀ ਜਿਸ ਨਾਲ ਉਨ੍ਹਾਂ ਨੂੰ ਆਸ ਮਿਲੀ ਸੀ (1:18)। ਉਨ੍ਹਾਂ ਦੀ ਆਸ ਇਸ ਤੱਥ ਤੇ ਟਿਕੀ ਸੀ ਕਿ ਉਹ ਮਸੀਹ ਵਿਚ ਸੁਰਗ ਅਤੇ ਧਰਤੀ ਨੂੰ ਮਿਲਾਏ ਜਾਣ ਲਈ (ਖ਼ੁਦਾ ਅਤੇ ਮਨੁੱਖ ਨੂੰ ਮਿਲਾਉਣ ਲਈ) ਖ਼ੁਦਾ ਦੀ ਸਦੀਪਕ ਮੰਸ਼ਾ ਦਾ ਹਿੱਸਾ ਬਣ ਜਾਣ (ਵੇਖੋ 1:9, 10)। ਸੁਰਗ ਅਤੇ ਧਰਤੀ ਨੂੰ ਮਿਲਾਉਣ ਦਾ ਮਕਸਦ ਉਸ ਛੋਟੇ ਰੂਪ ਵਿਚ ਵਿਖਾਇਆ ਗਿਆ ਸੀ ਜਦ ਯਹੂਦੀਆਂ ਅਤੇ ਗੈਰ ਕੌਮਾਂ ਨੂੰ ''ਇਕ ਨਵਾਂ ਇਨਸਾਨ'' ਭਾਵ ''ਇਕ ਦੇਹ'' ਵਿਚ ਮਿਲਾਇਆ ਗਿਆ ਸੀ (2:15, 16)। ਖ਼ੁਦਾ ਨਾਲ ਮੇਲ (2:16) ਅਤੇ ਦੇਹ ਵਿਚ ਨਜਾਤ (5:23) ਦੇ ਕਾਰਣ ਮਿਲੀ ਆਸ ਨਾਲ ਹੋਈ ਇਹ ਏਕਤਾ ਕਲੀਸੀਆ ਦੀ ਰੋਜ਼ਮੱਰਾ ਦੀ ਜ਼ਿੰਦਗੀ ਵਿਚ ਹੋਣੀ ਚਾਹੀਦੀ ਹੈ।

**ਆਸ** ਜਿਸ ਦਾ ਅਨੁਵਾਦ (*elpis*) ਤੋਂ ਹੋਇਆ ਹੈ ਦਾ ਅਰਥ ''ਇਸ ਨੂੰ ਪਾਉਣ ਦੀ ਉਮੀਦ ਨਾਲ ਕੁਝ ਭਲਾਈ ਦੀ ਇੱਛਾ'' ਹੈ।[1] ਸਾਨੂੰ ਇੰਜੀਲ ਦੇ ਰਾਹੀਂ ਸੱਦਿਆ ਗਿਆ ਹੈ ਅਤੇ ਜਦ ਅਸੀਂ ਸਹੀ ਢੰਗ ਨਾਲ ਇਸ ਨੂੰ ਕਬੂਲ ਕਰਦੇ ਹਾਂ ਤਾਂ ਅਸੀਂ ''ਸੱਦੇ ਗਏ'' ਲੋਕ ਬਣ ਜਾਂਦੇ ਹਾਂ। ਸੱਦੇ ਗਏ ਲੋਕਾਂ ਦੇ ਰੂਪ ਵਿਚ ਸਾਨੂੰ ਆਪਣੇ ਖ਼ੁਦਾ ਤੋਂ ਆਸ ਮਿਲੀ ਹੈ। ਸਾਡੀ ਆਸ ਉਸ ਦੇ ਵਾਅਦਿਆਂ ਤੇ ਅਧਾਰਿਤ ਹੈ। ਸਾਨੂੰ ਨਜਾਤ ਦੀ ਆਸ ਹੈ; ਸਾਨੂੰ ਮੁਰਦਿਆਂ ਦੇ ਜੀ ਉੱਠਣ ਦੀ ਆਸ ਹੈ। ਸਾਡੀ

ਆਸ ਮਸੀਹ ਵਿਚ ਹੈ; ਸਾਨੂੰ ਹਮੇਸ਼ਾ ਦੀ ਜ਼ਿੰਦਗੀ ਦੀ ਆਸ ਹੈ; ਸਾਨੂੰ ਮਸੀਹ ਦੀ ਦੂਜੀ ਆਮਦ ਦੀ ਆਸ ਹੈ; ਅਸੀਂ ਮਸੀਹ ਦੇ ਆਉਣ ਤੇ ਉਸ ਦੇ ਵਰਗੇ ਹੋਣ ਦੀ ਆਸ ਰੱਖਦੇ ਹਾਂ; ਅਤੇ ਸਾਨੂੰ ਸੁਰਗ ਦੀ ਆਸ ਹੈ।[2] ਇਹ ਸਭ ''*[ਸਾਡੇ]* ਸੱਦੇ ਜਾਣ ਦੀ ਆਸ'' ਭਾਵ ਇੱਕੋ ਹੀ ਆਸ ਦਾ ਹਿੱਸਾ ਹਨ।

## ਇੱਕੋ ਪ੍ਰਭੂ (4:5)

**[5]ਇੱਕੋ ਪ੍ਰਭੂ।**

**ਆਇਤ 5. ਇੱਕੋ ਪ੍ਰਭੂ** ਯਿਸੂ ਮਸੀਹ ਨੂੰ ਕਿਹਾ ਗਿਆ ਹੈ। ਮਸੀਹ ਲਈ ਪੌਲੁਸ ਦਾ ਪਸੰਦੀ ਰੁਤੱਬਾ ''ਪ੍ਰਭੂ'' ਸੀ।[3] ਨਵੇਂ ਨੇਮ ਵਿਚ ਇਸ ਦੀ ਸ਼ਬਦੀ ਵਰਤੋਂ ਯਿਸੂ ਲਈ ਖ਼ਾਸ ਤੌਰ ਤੇ ਉਸ ਦੀ ਮੌਤ, ਜੀ ਉੱਠਣ ਅਤੇ ਉੱਚਾ ਕੀਤੇ ਜਾਣ ਦੇ ਸਬੰਧ ਵਿਚ ਹੈ। ਮੁੱਢਲੀ ਕਲੀਸੀਆ ਦਾ ਵੱਡਾ ਇਕਰਾਰ ਇਹੀ ਸੀ ਕਿ ''ਯਿਸੂ ਪ੍ਰਭੂ ਹੈ।''[4]

ਸਿਰਲੇਖ ''ਪ੍ਰਭੂ'' ਵਿਚ ਚੌਹਰਾ ਅਰਥ ਹੈ। ਪਹਿਲੀ ਅਤੇ ਅਵੱਲ ਇਸ ਵਿਚ *ਇਖ਼ਤਿਆਰ* ਦੀ ਗੱਲ ਸੀ, ਜਿਵੇਂ ਜਾਇਦਾਦ ਦਾ ਮਾਲਿਕ, ਗੁਲਾਮ ਉੱਤੇ ਸ਼ਕਤੀ ਰੱਖਣ ਵਾਲਾ ਮਾਲਿਕ ਜਾਂ ਕਿਸੇ ਹਕੂਮਤ ਉੱਤੇ ਰਾਜੇ ਦੀ ਹਕੂਮਤ।[5] ''ਇੱਕੋ ਪ੍ਰਭੂ'' ਦੇ ਰੂਪ ਵਿਚ ਯਿਸੂ ਕੋਲ ਸਾਰਾ ਇਖ਼ਤਿਆਰ ਹੈ (ਮੱਤੀ 28:18)। ਅਸੀਂ ਉਸ ਸਭ ਵਿਚ ਜੋ ਅਸੀਂ ਵਿਸ਼ਵਾਸ ਕਰਦੇ, ਸਿਖਾਉਂਦੇ, ਅਤੇ ਮੰਨਦੇ ਹਾਂ, ਇਖ਼ਤਿਆਰ ਲਈ ਮਸੀਹ ਅਤੇ ਉਸ ਦੇ ਵਚਨ ਨੂੰ ਮੰਨਦੇ ਹਾਂ। ਉਸ ਦਾ ਇਖ਼ਤਿਆਰ ਮਨੁੱਖ ਦੀ ਸੋਚ ਅਤੇ ਭਾਵਨਾਵਾਂ ਜਾਂ ਇੱਛਾਵਾਂ ਤੋਂ ਉੱਪਰ ਹੈ। ਜਦ ਪੌਲੁਸ ਨੇ ਕਿਹਾ ਕਿ ਯਿਸੂ ''ਸਭ ਵਸਤਾਂ ਉੱਤੇ ਸਿਰ ਬਣਨ ਲਈ ਕਲੀਸੀਆ ਲਈ'' ਹੈ (ਅਫ਼ਸੀਆਂ 1:22), ਤਾਂ ਉਹ ਮਸੀਹ ਦੇ ਇਖ਼ਤਿਆਰ ਦੀ ਹੀ ਗੱਲ ਕਰ ਰਿਹਾ ਸੀ।

ਦੂਜਾ, ''ਪ੍ਰਭੂ'' *ਮਲਕੀਅਤ* ਨੂੰ ਵਿਖਾਉਂਦਾ ਹੈ। ਯਿਸੂ ਸਾਡਾ ਮਾਲਿਕ ਹੈ ਕਿਉਂ ਜੋ ਉਸ ਨੇ ਸਾਨੂੰ ਛੁਡਾਇਆ ਹੈ (1:7) ਅਤੇ ਆਪਣੇ ਲਹੂ ਨਾਲ ਕਲੀਸੀਆ ਨੂੰ ਖ਼ਰੀਦਿਆ ਹੈ (ਰਸੂਲਾਂ ਦੇ ਕੰਮ 20:28)। ਸਾਨੂੰ ਕੀਮਤ ਚੁਕਾ ਕੇ ਖ਼ਰਿਦਿਆ ਗਿਆ ਸੀ, ਇਸ ਕਰਕੇ ਹੁਣ ਅਸੀਂ ਆਪਣੇ ਨਹੀਂ ਹਾਂ (ਵੇਖੋ 1 ਕੁਰਿੰਥੀਆਂ 6:19, 20)। ਤੀਜਾ, ਉਹ ਸਾਡਾ ਪ੍ਰਭੂ ਹੈ, ਇਸ ਕਰਕੇ ਮਸੀਹ ਸਾਡਾ ਮਾਲਕ ਹੈ ਅਤੇ ਅਸੀਂ ਉਸ ਦੇ ਸੇਵਕ ਹਾਂ। ਆਪਣੇ ਲਈ ਇਹ ਸੰਕੇਤ ਦਿੰਦਿਆਂ ਇਹ ਉਹ ਮਸੀਹ ਦੇ ਪ੍ਰਭੂ ਹੋਣ ਨੂੰ ਮੰਨਦਾ ਸੀ, ਪੌਲੁਸ ਨੇ ਬਾਰ ਬਾਰ ''ਸੇਵਕ'' ਸ਼ਬਦ ਦੀ ਵਰਤੋਂ ਕੀਤੀ। ਚੌਥਾ ਪ੍ਰਭੂ ਦੇ ਰੂਪ ਵਿਚ ਮਸੀਹ ਆਪਣੇ ਰਾਜ ਉੱਤੇ *ਰਾਜਾ* ਹੈ। ਅਸੀਂ ਮਸੀਹ ਦੇ ਇਖ਼ਤਿਆਰ ਦੇ ਅਧੀਨ ਰਹਿੰਦੇ ਹਾਂ, ਇਸ ਕਰਕੇ ਉਸ ਦੇ ਹਾਂ ਅਤੇ ਮਸੀਹ ਦੇ ਸੇਵਕ ਹਾਂ ਅਤੇ ਯਿਸੂ ਨੂੰ ਰਾਜਾ ਮੰਨਦੇ ਹਾਂ, ਸਾਡਾ ਫ਼ਰਜ਼ ਹੈ ਕਿ ਅਸੀਂ ਮਸੀਹ ਦੀ ਸੁਣੀਏ, ਉਸ ਦੇ ਮਗਰ ਚੱਲੀਏ ਅਤੇ ਸਭ ਗੱਲਾਂ ਵਿਚ ਉਸ ਦਾ ਹੁਕਮ ਮੰਨੀਏ। ਉਹ ''ਇੱਕੋ ਪ੍ਰਭੂ'' ਹੈ।

## ਇੱਕੋ ਨਿਹਚਾ (4:5)

**[5]ਇੱਕੋ ਨਿਹਚਾ।**

**ਆਇਤ 5. ਇੱਕੋ ਨਿਹਚਾ** ਮਸੀਹੀ ਧਰਮ ਵੱਲੋਂ ਮੰਨੀ ਜਾਣ ਵਾਲੀ ਸਚਿਆਈ ਦੇ ਪੂਰੇ ਸਮੂਹ ਲਈ ਹੈ ਭਾਵ ਪੂਰੀ ਮਸੀਹੀਅਤ ਲਈ ਵਰਤੀ ਗਈ ਹੈ। ਇਹ ਉਹ ''ਨਿਹਚਾ'' ਹੈ ''ਜਿਹੜੀ ਇੱਕੋ ਹੀ ਵਾਰ ਸੰਤਾਂ ਨੂੰ ਸੌਂਪੀ ਗਈ ਸੀ'' (ਯਹੂਦਾ 3), ਭਾਵ ਉਹ ਨਿਹਚਾ ਜਿਸ ਦੇ ਬਹੁਤ ਸਾਰੇ ਲੋਕ

ਆਗਿਆਕਾਰ ਰਹੇ ਹਨ (ਰਸੂਲਾਂ ਦੇ ਕੰਮ 6:7)। ਇਹ ਉਹੀ ਨਿਹਚਾ ਹੈ ਜਿਸ ਦਾ ਪੌਲੁਸ ਨੇ ਪ੍ਰਚਾਰ ਕੀਤਾ ਕਿ ਇਹ ਲੋਕਾਂ ਨੂੰ ਪਾਲਦੀ ਹੈ (ਗਲਾਤੀਆਂ 1:23; 1 ਤਿਮੋਥਿਉਸ 4:6)। ਇਹ ਉਹੀ ਨਿਹਚਾ ਹੈ ਜਿਸ ਤੋਂ ਲੋਕ ਬਹਿਕ ਜਾਂਦੇ ਹਨ, ਇਹ ਉਹ ਨਿਹਚਾ ਹੈ ਜਿਸ ਤੋਂ ਅਸੀਂ ਮੁੱਕਰ ਸਕਦੇ ਹਾਂ ਅਤੇ ਜਿਸ ਤੋਂ ਅਸੀਂ ਭਟਕ ਸਕਦੇ ਹਾਂ (1 ਤਿਮੋਥਿਉਸ 4:1; 5:8; 6:10, 21)। ''ਇੱਕੋ ਨਿਹਚਾ'' ਹੈ ਕਿਉਂ ਜੋ ਮਸੀਹੀਅਤ ਸਿਰਫ਼ ਇੱਕੋ ਹੈ, ਕਲੀਸੀਆ ਲਈ ਸੱਚਾਈ ਦੀ ਇੱਕੋ ਦੇਹ ਹੈ ਅਤੇ ਅੱਜ ਲੋਕਾਂ ਲਈ ਖ਼ੁਦਾ ਵੱਲੋਂ ਸਿਰਫ਼ ਇੱਕੋ ਮੁਕਾਸ਼ਫ਼ਾ ਹੈ।

## ਇੱਕੋ ਬਪਤਿਸਮਾ (4:5)

**5ਇੱਕੋ ਬਪਤਿਸਮਾ ਹੈ।**

**ਆਇਤ 5. ਇੱਕੋ ਬਪਤਿਸਮਾ ਹੈ** ਭਾਵ ਅੱਜ ਮਾਨਤਾ ਰੋਮੀਆਂ 6:4 ਅਤੇ ਕੁਲੁੱਸੀਆਂ 2:12 ਦੇ ਅਨੁਸਾਰ ਡੁੱਬਕੀ ਜਾਂ ਦਫ਼ਨਾਏ ਜਾਣ ਵਾਲੇ ਬਪਤਿਸਮੇ ਨੂੰ ਹੀ ਹੈ। ''ਬਪਤਿਸਮਾ'' (*baptisma*) ਦਾ ਬਦਲਵਾਂ ਰੂਪ ਹੈ ਜਿਸ ਵਿਚ ਡੁਬੋਣਾ ਜਾਂ ਗੋਤਾ ਦੇਣਾ ਸ਼ਾਮਿਲ ਹੈ।[6] ਮੱਤੀ 28:19, 20 ਵਿਚ ਜਿਸ ਬਪਤਿਸਮੇ ਦਾ ਹੁਕਮ ਦਿੱਤਾ ਗਿਆ ਸੀ ਉਹਦੇ ਲਈ ਪਾਣੀ ਦੇ ਅੰਦਰ ਜਾ ਕੇ ਉਸ ਵਿੱਚੋਂ ਬਾਹਰ ਆਉਣਾ ਜ਼ਰੂਰੀ ਹੈ (ਵੇਖੋ ਯੂਹੰਨਾ 3:23; ਰਸੂਲਾਂ ਦੇ ਕੰਮ 8:36, 38, 39)। ਨਵੇਂ ਨੇਮ ਦਾ ਬਪਤਿਸਮਾ ਨਿਹਚਾ ਕਰਨ ਵਾਲੇ ਉਹੀ ਲੋਕ ਲੈ ਸਕਦੇ ਹਨ ਜਿਹੜੇ ਤੋਬਾ ਕਰਨ ਲਈ ਤਿਆਰ ਹਨ (ਮਰਕੁਸ 16:15, 16; ਰਸੂਲਾਂ ਦੇ ਕੰਮ 2:38) ਅਤੇ ਖ਼ੁਦਾ ਦੇ ਪੁੱਤਰ ਦੇ ਰੂਪ ਵਿਚ ਯਿਸੂ ਵਿਚ ਆਪਣੇ ਵਿਸ਼ਵਾਸ ਦਾ ਇਕਰਾਰ ਕਰਦੇ ਹਨ (ਵੇਖੋ ਮੱਤੀ 10:32, 33; ਰਸੂਲਾਂ ਦੇ ਕੰਮ 8:37; ਰੋਮੀਆਂ 10:9, 10)। ਪੌਲੁਸ ਦਾ ਚੌਹਰਾ ਮਕਸਦ ਬਚਾਏ ਜਾਣਾ (ਮਰਕੁਸ 16:16; 1 ਪਤਰਸ 3:21), ਪਾਪਾਂ ਦੀ ਮਾਫ਼ੀ ਪਾਉਣਾ (ਰਸੂਲਾਂ ਦੇ ਕੰਮ 2:38), ਉਸ ਦੀ ਕਲੀਸੀਆ ਵਿਚ ਰਲਾਏ ਜਾਣਾ (1 ਕੁਰਿੰਥੀਆਂ 12:13), ਅਤੇ ਮਸੀਹ ਵਿਚ ਹੋਣਾ ਹੈ (ਰੋਮੀਆਂ 6:3; ਗਲਾਤੀਆਂ 3:27)।

ਕਈਆਂ ਦਾ ਕਹਿਣਾ ਹੈ ਕਿ ਰਸੂਲਾਂ ਦੇ ਕੰਮ 2:38 ਵਿਚ ''ਆਪਣੇ ਪਾਪਾਂ ਦੀ ਮਾਫ਼ੀ ਦੇ ਲਈ'' ਦਾ ਅਰਥ ''ਦੇ ਲਈ'' ਦੀ ਥਾਂ ''ਦੇ ਕਾਰਣ'' ਹੈ। ਪਰ ਧਿਆਨ ਦਿੱਤਾ ਜਾਣਾ ਚਾਹੀਦਾ ਹੈ ਕਿ ''ਆਪਣੇ ਪਾਪਾਂ ਦੀ ਮਾਫ਼ੀ ਦੇ ਲਈ'' (ਪੰਜਾਬੀ ਅਤੇ ਯੂਨਾਨੀ ਦੋਹਾਂ ਭਾਸ਼ਾਵਾਂ ਵਿਚ–ਅਨੁਵਾਦਕ) ਮੱਤੀ 26:26–28 ਵਾਂਗ ਹੈ ਜਿੱਥੇ ਯਿਸੂ ਨੇ ਕਿਹਾ ਕਿ ਉਸ ਦਾ ਲਹੂ ''ਪਾਪਾਂ ਦੀ ਮਾਫ਼ੀ ਲਈ'' ਵਹਾਇਆ ਗਿਆ ਸੀ। ਭਲਾ ਯਿਸੂ ਇਹ ਕਹਿ ਰਿਹਾ ਸੀ ਕਿ ਉਸ ਦਾ ਲਹੂ ਇਸ ਕਰਕੇ ਵਹਾਇਆ ਗਿਆ ਕਿਉਂ ਜੋ ਪਾਪ ਪਹਿਲਾਂ ਹੀ ਮਾਫ਼ ਹੋ ਚੁੱਕੇ ਸਨ, ਜਾਂ ''ਤਾਂ ਜੋ ਪਾਪ ਮਾਫ਼ ਹੋ ਸਕਣ''? ਜੇ ਪਾਪ ਪਹਿਲਾਂ ਹੀ ਮਾਫ਼ ਹੋ ਚੁਕਿਆ ਸੀ ਤਾਂ ਯਿਸੂ ਨੂੰ ਮਰਨ ਦੀ ਕੀ ਲੋੜ ਸੀ? ਉਹ ਮਰਿਆ ''ਤਾਂ ਜੋ ਪਾਪ ਮਾਫ਼ ਹੋ ਸਕਣ'' ਅਤੇ ਰਸੂਲਾਂ ਦੇ ਕੰਮ 2:38 ਵਿਚ ਬਪਤਿਸਮੇ ਦਾ ਮਕਸਦ ਪਤਰਸ ਨੇ ਇਹੀ ਦੱਸਿਆ। ਬਪਤਿਸਮੇ ਨੂੰ ਪਾਪਾਂ ਦੀ ਮਾਫ਼ੀ ਤੋਂ ਅੱਡ ਨਹੀਂ ਕੀਤਾ ਜਾ ਸਕਦਾ। ਆਪਣੇ ਆਪ ਵਿਚ ਬਪਤਿਸਮਾ ਕਿਸੇ ਵੀ ਤਰ੍ਹਾਂ ਨਾਲ ਕੁਝ ਵੀ ਕਮਾਉਂਦਾ ਨਹੀਂ ਜਾਂ ਇਸ ਵਿਚ ਆਪਣੀ ਕੋਈ ਖੂਬੀ ਨਹੀਂ ਹੈ। ਬਲਕਿ ਅਧੀਨ ਹੋਣ ਦੇ ਕੰਮ ਵਿਚ ਆਦਮੀ ਕਿਰਪਾ ਦੇ ਖ਼ੁਦਾ ਦੇ ਦਾਨ ਨੂੰ ਕਬੂਲ ਕਰਦਾ ਹੈ ਜੋ ਕਿ ਪਾਪਾਂ ਦੀ ਮਾਫ਼ੀ ਹੈ। ਅਫ਼ਸੀਆਂ 4 ਵਾਲਾ ''ਇੱਕੋ ਬਪਤਿਸਮਾ'' ਇਹੀ ਹੈ।

## ਇੱਕੋ ਪਰਮੇਸ਼ੁਰ (4:6)

**6ਇੱਕੋ ਪਰਮੇਸ਼ੁਰ ਅਤੇ ਪਿਤਾ ਸਭਨਾਂ ਦਾ ਹੈ ਜਿਹੜਾ ਸਭਨਾਂ ਦੇ ਉੱਤੇ, ਸਭਨਾਂ ਦੇ ਵਿੱਚ, ਅਤੇ ਸਭਨਾਂ**

**ਦੇ ਅੰਦਰ ਹੈ।**

**ਆਇਤ 6. ਪਰਮੇਸ਼ੁਰ ਇੱਕੋ** ਹੈ ਅਤੇ ਮਸੀਹ ਦੇ ਰਾਹੀਂ ਉਹ ਮਸੀਹੀ ਲੋਕਾਂ ਦਾ **ਪਿਤਾ** ਹੈ ਕਿਉਂ ਜੋ ਉਹ **ਸਭ** ਲੋਕ ਜਿਹੜੇ ਮਸੀਹ ਵਿਚ ਹਨ ਉਸ ਦੀ ਸੰਤਾਨ ਹਨ (ਰੋਮੀਆਂ 8:16, 17; ਗਲਾਤੀਆਂ 3:26, 27)। ਪੌਲੁਸ ਨੇ ਖ਼ੁਦਾ ਦੀ ਸਰਬ ਉੱਚਤਾ ਜਾਂ ਸਰਬ ਸ਼੍ਰੇਸਠਤਾ ਦੀ ਗੱਲ ਕਰਦਿਆਂ ਇਹ ਦੋਹਰਾਇਆ ਕਿ ਇਹ **ਇੱਕੋ ਪਰਮੇਸ਼ੁਰ ਅਤੇ ਪਿਤਾ ਸਭਨਾਂ ਦੇ ਉੱਤੇ** ਉਹ **ਸਭਨਾਂ ਦੇ ਅੰਦਰ** ਦੱਸਿਆ ਗਿਆ ਹੈ, ਜੋ ਲੋਕਾਂ ਦੀਆਂ ਜ਼ਿੰਦਗੀਆਂ ਵਿਚ ਉਪਾਅ ਦੇ ਰਾਹੀਂ ਉਸ ਦੀ ਸ਼ਮੂਲੀਅਤ ਦਾ ਸੁਝਾਅ ਦਿੰਦਾ ਹੈ।

ਪੌਲੁਸ ਨੇ ਸਤ ''ਏਕਤਾ ਦੇ ਖੰਭਿਆਂ'' ਭਾਵ ਸੱਚਾਈ ਦੇ ਉਨ੍ਹਾਂ ਸੱਤ ਖੰਭਿਆਂ ਦੀ ਗੱਲ ਦੱਸੀ ਜਿਨ੍ਹਾਂ ਨੂੰ ਖ਼ੁਦਾ ਦੀ ਪਰਗਟ ਕੀਤੀ ਗਈ ਇੱਛਾ ਨਾਲ ਸਹੀ ਵਿਹਾਰ ਕਰਨ ਦੀ ਚਾਹ ਰੱਖਣ ਲਈ ਸਾਨੂੰ ਸਾਰਿਆਂ ਨੂੰ ਮੰਨਣਾ ਜ਼ਰੂਰੀ ਹੈ। ਸਿਰਫ਼ ਇਨ੍ਹਾਂ ਬੁਨਿਆਦੀ ਸੱਚਾਈਆਂ ਨੂੰ ਮੰਨ ਕੇ ਹੀ ਅਸੀਂ ''ਮਿਲਾਪ ਦੇ ਬੰਧ ਦੇ ਵਿਚ ਆਤਮਾ ਦੀ ਏਕਤਾ'' ਬਣਾਈ ਰੱਖੀ ਸਕਦੇ ਹਾਂ (4:3)।

## ਪ੍ਰਾਸੰਗਿਕਤਾ

**ਮਸੀਹੀ ਏਕਤਾ ਲਈ ਖੁਦਾ ਦੀ ਯੋਜਨਾ** (4:4-6)

ਖ਼ੁਦਾ ਦਾ ਇਕ ਮਾਸਟਰਪਲਾਨ ਏਕਤਾ ਦਾ ਹੈ। ਪੌਲੁਸ ਨੇ ਸੱਤ *ਏਕੇ* ਦੱਸੇ ਜਿਹੜੇ ਸਾਡੀ ਏਕਤਾ ਦੀ ਬੁਨਿਆਦ ਹੈ। ਅਸੀਂ ਸਭ ਬਰਾਬਰ ਇੱਕੋ ਦੇਹ ਦੇ ਅੰਗ ਹਾਂ। ਉਸ ਇਕ ਦੇਹ ਦੇ ਹਰ ਅੰਗ ਭਾਵ ਮੈਂਬਰ ਨੂੰ ਇਕ ਆਤਮਾ ਦਿੱਤਾ ਗਿਆ ਸੀ ਜਿਹੜਾ ਸਾਡੇ ਵਿੱਚੋਂ ਹਰ ਕਿਸੇ ਵਿਚ ਵਾਸ ਕਰਦਾ ਹੈ। ਇਕ ਆਸ ਹਰ ਮੰਨ ਨੂੰ ਭਰਦੀ ਹੈ ਅਤੇ ਉਹ ਸਾਡੇ ਪ੍ਰਭੂ ਯਿਸੂ ਮਸੀਹ ਦੀ ਮੁਬਾਰਕ ਵਾਪਸੀ ਹੈ। ਸਾਡੇ ਉੱਤੇ ਹਕੂਮਤ ਕਰਨ ਵਾਲਾ ਇੱਕੋ ਹੀ ਪ੍ਰਭੂ ਹੈ। ਇੱਕੋ ਨਿਹਚਾ ਭਾਵ ਸਿੱਖਿਆਵਾਂ ਦਾ ਇੱਕੋ ਹੀ ਸੈਟ ਸਾਡੀਆਂ ਜ਼ਿੰਦਗੀਆਂ ਨੂੰ ਚਲਾਉਂਦਾ ਹੈ ਅਤੇ ਅਸੀਂ ਬੁਨਿਆਦੀ ਆਮ ਵਿਸ਼ਵਾਸਾਂ ਨਾਲ ਜੁੜੇ ਹਾਂ। ਸਭ ਮਸੀਹੀ ਲੋਕ ਉਸ ਇੱਕੋ ਦੇਹ ਵਿਚ ਇੱਕੋ ਹੀ ਤਰੀਕੇ ਭਾਵ ਬਪਤਿਸਮੇ ਦੇ ਰਾਹੀਂ ਆਉਂਦੇ ਹਨ। ਇੱਕੋ ਹੀ ਪਰਮੇਸ਼ੁਰ ਅਤੇ ਪਿਤਾ ਅਸਾਂ ਸਭਨਾਂ ਦਾ ਹੈ ਜਿਹੜਾ ਸਾਨੂੰ ਪਿਆਰ ਕਰਦਾ ਹੈ ਅਤੇ ਜਿਸ ਨੇ ਬੀਤੇ ਅਨਾਦੀਕਾਲ ਤੋਂ ਆਉਣ ਵਾਲੇ ਅਨੰਤਕਾਲ ਲਈ ਸਭ ਯੋਜਨਾ ਬਣਾਈ ਹੋਈ ਹੈ। ਉਹ ਸਾਥੋਂ ਇੱਕੋ ਹੋਣ ਦੀ ਉਮੀਦ ਕਰਦਾ ਹੈ!

ਆਪਣੇ ਚੇਲਿਆਂ ਲਈ ਯਿਸੂ ਦੀ ਆਖ਼ਰੀ ਦੁਆ ਸੀ: ''... ਹੇ ਪਵਿੱਤਰ ਪਿਤਾ ਆਪਣੇ ਹੀ ਉਸ ਨਾਮ ਨਾਲ ਜਿਹੜਾ ਤੈਂ ਮੈਨੂੰ ਦਿੱਤਾ ਉਨ੍ਹਾਂ ਦੀ ਰੱਛਿਆ ਕਰ ਇਸ ਲਈ ਜੋ ਉਹ ਸਾਡੇ ਵਾਂਗਰ ਇਕ ਹੋਣ''; ''...ਤਾਂ ਕਿ ਉਹ ਸਿੱਧ ਹੋ ਕੇ ਇਕ ਹੋ ਜਾਣ ਭਈ ਜਗਤ ਜਾਣ ਲਵੇ ਜੋ ਤੈਂ ਮੈਨੂੰ ਘੱਲਿਆ...'' (ਯੂਹੰਨਾ 17:11, 23)।

ਕ੍ਰਿਸ ਬੁਲਰਡ

---

ਟਿੱਪਣੀਆਂ

[1]ਸਪਾਇਰਸ ਜ਼ੋਡਿਏਟਸ, ਸੰਪਾ., *ਦ ਕੰਪਲੀਟ ਵਰਡ ਸਟੱਡੀ ਨਿਊ ਟੈਸਟਾਮੈਂਟ,* ਜਿਲਦ ਦੂਜੀ (ਚਟਨੂਗਾ, ਟੈਨਿਸੀ: ਏਐਮਜੀ ਪਬਲੀਸ਼ਰਜ਼, 1991), 911. [2]ਵੇਖੋ ਰਸੂਲਾਂ ਦੇ ਕੰਮ 23:6; 24:15; 26:6, 7; ਰੋਮੀਆਂ 1:6; 8:24; 1 ਕੁਰਿੰਥੀਆਂ 15:19; ਕੁਲੁੱਸੀਆਂ 1:5, 27; 2 ਥੱਸਲੁਨੀਕੀਆਂ

2: 14; 1 ਤਿਮੋਥਿਉਸ 1: 1; ਤੀਤੁਸ 2: 13; 1 ਯੂਹੰਨਾ 3:2, 3. [3]ਵੇਖੋ ਰੋਮੀਆਂ 10:9; 14:8, 9; 1 ਕੁਰਿੰਥੀਆਂ 8:6; 12:3; ਫ਼ਿਲਿੱਪੀਆਂ 2:9–11. [4]ਵਿਲੀਅਮ ਬਾਰਕਲੇ, *ਜੀਜ਼ਸ ਐਜ਼ ਦੇ ਸਾਅ ਹਿਮ* (ਲੰਦਨ: ਐਸਸੀਐਮ ਪ੍ਰੈੱਸ, 1962), 408–20. [5]ਉਹੀ। [6]ਵਾਲਟਰ ਬਾਉਰ, *ਏ ਗ੍ਰੀਕ ਇੰਗਲਿਸ਼ ਲੈਕਸੀਕਨ ਆਫ਼ ਦ ਨਿਊ ਟੈਸਟਾਮੈਂਟ ਐਂਡ ਅਦਰ ਅਰਲੀ ਕ੍ਰਿਸਚਿਅਨ ਲਿਟਰੇਚਰ,* ਜਿਲਦ 3ਜੀ, ਸੋਧ ਅਤੇ ਸੰਪਾ. ਫ਼੍ਰੈਡਰਿਕ ਵਿਲੀਅਮ ਡੈਂਕਰ (ਸ਼ਿਕਾਗੋ: ਯੂਨੀਵਰਸਿਟੀ ਆਫ਼ ਸ਼ਿਕਾਗੋ ਪ੍ਰੈੱਸ, 2000), 165.